Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 22
No. of Printed Pages – 07

S-75-Punjabi (T.L.)

# माध्यमिक परीक्षा, 2023

# SECONDARY EXAMINATION, 2023

# ਪੰਜਾਬੀ

# PUNJABI

## (THIRD LANGUAGE)

**Time : 3 Hours 15 Minutes**
**Maximum Marks : 80**

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਹਾਮਣੇ ਅੰਕਿਤ ਹਨ । ਪ੍ਰਸ਼ਨ ਨੰਬਰ 16 ਤੋਂ 22 ਤੱਕ ਆਂਤਰਿਕ ਵਿਕੱਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਾਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

Tear Here
प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER
यहाँ से काटिए

## ਖੰਡ – ੳ

1. **ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :** **[12 × 1 = 12]**

i) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਉਪਰੋਤਕ ਸਤਰ੍ਹਾਂ ਕਿਸ ਕਵੀ ਦੀਆਂ ਹਨ :

ੳ) ਭਾਈ ਗੁਰਦਾਸ ਅ) ਗੁਰੂ ਰਾਮਦਾਸ ਜੀ

ੲ) ਗੁਰੂ ਨਾਨਕ ਦੇਵ ਜੀ ਸ) ਸ਼ੇਖ ਫ਼ਰੀਦ

ii) 'ਰੁੱਖ' ਕਵਿਤਾ ਦਾ ਕਵੀ ਹੈ :

ੳ) ਭਾਈ ਵੀਰ ਸਿੰਘ ਅ) ਪ੍ਰੋ. ਮੋਹਨ ਸਿੰਘ

ੲ) ਸ਼ਿਵ ਕੁਮਾਰ ਬਟਾਲਵੀ ਸ) ਸੁਰਜੀਤ ਪਾਤਰ

iii) ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ :

ੳ) ਸਿੰਮਲ ਰੁਖੁ ਸਰਾਇਰਾ ਅ) ਮਨ ਤੂੰ ਜੋਤਿ ਸਰੂਪੁ ਹੈ

ੲ) ਏ ਸਰੀਰਾ ਮੇਰਿਆ ਸ) ਲਾਵਾਂ

iv) ਨਾ ਮੈਂ ਅਰਬੀ ਨਾ ਲਾਹੌਰੀ,
ਨਾ ਮੈਂ ਹਿੰਦੀ ਸ਼ਹਿਰ ਨਗੌਰੀ,
ਨਾ ਹਿੰਦੂ ਨਾ ਤੁਰਕ ਮਸ਼ੋਰੀ,
ਨਾ ਮੈਂ ਰਹਿੰਦਾ ਵਿੱਚ ਨਦੌਨ ।
ਇਹ ਸਤਰ੍ਹਾਂ ਕਿਸ ਕਵਿਤਾ ਵਿੱਚੋਂ ਹਨ :

ੳ) ਆਓ ਮਈਓ ਰਲ ਦਿਉ ਨੀ ਵਧਾਈ

ਅ) ਬੁੱਲ੍ਹਾ ਕੀ ਜਾਣਾ ਮੈਂ ਕੌਣ

ੲ) ਬਸ ਕਰ ਜੀ ਹੁਣ ਬਸ ਕਰ ਜੀ

ਸ) ਇਕਨਾ ਮਹਲ ਉਸਾਰੇ

v) 'ਗੰਗਾਦੀਨ' ਨਿਬੰਧ ਦਾ ਨਿਬੰਦਕਾਰ ਹੈ :

ੳ) ਪ੍ਰਿ. ਤੇਜਾ ਸਿੰਘ ਅ) ਪ੍ਰੋ. ਪੂਰਨ ਸਿੰਘ

ੲ) ਹਰਪਾਲ ਸਿੰਘ-ਲੱਖੀਆਂ ਸ) ਹਰਪ੍ਰੀਤ ਕੌਰ

vi) ਜਣਨੀ ਜਣੇ ਤਾਂ ਭਗਤ ਜਨ ਕਿ ਦਾਤਾ ਕਿ ਸੂਰ

ਨਹੀਂ ਤਾਂ ਜਣਨੀ ਬਾਂਝ ਰਹੇ ਕਾਹੇ ਗਵਾਵੈ ਨੂਰ

ਇਹ ਲਾਈਨਾਂ ਕਿਹੜੇ ਨਿਬੰਧ 'ਚ ਵਰਤੀਆਂ ਗਈਆਂ ਹਨ :

ੳ) ਭਾਈ ਮਰਦਾਨਾ ਜੀ  ਅ) ਰਾਜਸਥਾਨ ਕੇ ਪ੍ਰਸਿੱਧ ਕਿਲ੍ਹੇ

ੲ) ਕਿਰਤ  ਸ) ਮਹਾਰਾਜਾ ਗੰਗਾ ਸਿੰਘ

vii) 'ਪੇਮੀ ਦੇ ਨਿਆਣੇ' ਕਹਾਣੀ ਦਾ ਕਹਾਣੀਕਾਰ ਹੈ :

ੳ) ਗੁਰਬਚਨ ਸਿੰਘ ਭੁੱਲਰ  ਅ) ਬਲਜਿੰਦਰ ਸਿੰਘ ਭੁੱਲਰ

ੲ) ਸੰਤ ਸਿੰਘ ਸੇਖੋਂ  ਸ) ਸੰਤੋਖ ਸਿੰਘ ਧੀਰ

viii) 'ਔਹ ਗਏ – ਔਹ ਗਏ – ਸਾਰੇ ਡੱਬੇ 'ਚੋਂ ਰੂਹ ਨਿਕਲ ਗਈ, ਡੱਬਾ ਭਾਂ–ਭਾਂ ਕਰਨ ਲੱਗ ਪਿਆਂ ।' ਇਹ ਵਾਕ ਕਿਸ ਕਹਾਣੀ ਵਿੱਚੋਂ ਹਨ :

ੳ) ਦੁੱਧ ਦਾ ਛੱਮੜ  ਅ) ਪਹੁਤਾ ਪਾਂਧੀ

ੲ) ਖ਼ੂਨ  ਸ) ਸਾਂਝੀ ਕੰਧ

ix) 'ਪੁਲਿਸ ਬਦਮਾਸ਼ਾਂ ਨੂੰ ਨੱਥ ਪਾ ਕੇ ਰੱਖਦੀ ਹੈ' ।

ਉਪਰੋਕਤ ਵਾਕ ਵਿੱਚ ਆਏ ਬਹੁਅਰਥਕ ਸ਼ਬਦ 'ਨੱਥ' ਦਾ ਸਹੀ ਅਰਥ ਹੈ :

ੳ) ਨੱਕ ਦਾ ਗਹਿਣਾ  ਅ) ਰੱਸੀ

ੲ) ਕਾਬੂ ਕਰਨਾ  ਸ) ਹੱਥਕੜੀ

x) 'ਜਿਸਮ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ :

ੳ) ਬਦਨ  ਅ) ਜੀਵਨ

ੲ) ਜ਼ਿੰਦਗੀ  ਸ) ਜਿੰਦ

xi) 'ਗਿੱਲਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ :

ੳ) ਚਿੱਕੜ  ਅ) ਪਾਣੀ

ੲ) ਸਲ੍ਹਾਬਾ  ਸ) ਸੁੱਕਾ

xii) 'ਮਲਵਈ' ਉਪ-ਬੋਲੀ ਦੇ ਜਿਲ੍ਹਿਆਂ ਦਾ ਸਹੀ ਜੁੱਟ ਹੈ :

ੳ) ਲਾਹੌਰ–ਪਟਿਆਲਾ  ਅ) ਮਾਨਸਾ–ਬਠਿੰਡਾ

ੲ) ਅੰਮ੍ਰਿਤਸਰ–ਫਿਰੋਜ਼ਪੁਰ  ਸ) ਫ਼ਰੀਦਕੋਟ–ਪਠਾਨਕੋਟ

2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ : [6 × 1 = 6]

i) ਮਨ ਤੂੰ ਜੋਤਿ ਸਰੂਪੁ ਹੈ......................॥

ii) ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ..........................॥

iii) ..........................ਅਸਾਂ ਹੁਣ 'ਮਹਿਕ' ਦੀ ਲਾਈ ।

iv) ਪੰਜਾਹਵਿਆਂ ਦੇ ਅੰਤ ਵਿੱਚ ਕੁੱਲ ਦੁਨੀਆਂ 'ਚ..........................ਹੋ ਗਈ ਸੀ ।

v) ਸੌਣਪੁਰੇ ਪਿੰਡ ਵੱਲ ਤੁਰਦਿਆਂ ਉਹਦੀਆਂ ਦੋਵੇਂ.........ਵਗ ਰਹੀਆਂ ਹਨ ।

vi) ਪਟਵਾਰੀ..................ਤੇ ਹੋਰ ਸਾਰੇ ਚੁੱਪ ਕਰਕੇ ਸੁਣਦੇ ਰਹੇ ।

3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : [12 × 1 = 12]

i) 'ਜਗਤੁ ਜਲੰਦਾ ਰਖਿ ਲੈ' ਕਾਵਿ ਰਚਨਾ ਕਿਸ ਗੁਰੂ ਸਾਹਿਦ ਦੀ ਹੈ ?

ii) 'ਕਿਤੈ ਕੰਮਿ ਨਾ ਆਵਈ ਲਾਵਣੁ ਬਿਨ ਲੂਣੈ'- ਇਸ ਤੁਕ 'ਚ ਆਏ ਸ਼ਬਦ 'ਲਾਵਣੁ' ਦਾ ਅਰਥ ਹੈ ?

iii) ਸਭ ਮਹਿ ਜੋਤਿ ਜੋਤਿ ਹੈ ਸੋਇ ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਉਪਰੋਕਤ ਕਾਵਿ ਤੁਕ ਕਿਹੜੀ ਕਾਵਿ ਰਚਨਾ ਵਿੱਚੋਂ ਹੈ ?

iv) 'ਮੇਰੀ ਜਿੰਦੇ' ਕਵਿਤਾ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ ?

v) 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ-ਕਿਹੜੇ ਫ਼ਲਾਂ ਦਾ ਜ਼ਿਕਰ ਹੋਇਆ ਹੈ ?

vi) ਕੁੰਭਲਗੜ੍ਹ ਦਾ ਕਿਲ੍ਹਾ ਕਿਸ ਦੁਆਰਾ ਤਿਆਰ ਕਰਵਾਇਆ ਗਿਆ ?

vii) ਭਾਈ ਮਰਦਾਨਾ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

viii) 'ਪਹੁਤਾ ਪਾਂਧੀ' ਕਹਾਣੀ ਵਿੱਚ ਗੱਡੀ ਕਿੱਥੋਂ-ਕਿੱਧਰ ਨੂੰ ਆ ਰਹੀ ਸੀ ?

ix) 'ਦੁੱਧ ਦਾ ਛੱਪੜ' ਕਹਾਣੀ ਵਿੱਚ ਲੁਹਾਰਾਂ ਦੇ ਮੁੰਡੇ ਕੀ ਕਰ ਰਹੇ ਸਨ ?

x) ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ ?

xi) 'ਮੁਕਤਾ' ਲਗ ਵਾਲੇ ਚਾਰ ਸ਼ਬਦ ਲਿਖੋ ।

xii) 'ਅੱਧਕ' ਕਿਹੜੀ-ਕਿਹੜੀ ਲਗ ਨਾਲ ਆ ਸਕਦੀ ਹੈ ?

## ਖੰਡ – ਅ

**(4-15) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[12 × 2 = 24]**

ਆਦਤਾਂ ਬਹੁਤ ਹੱਦ ਤੀਕ ਸਾਡੇ ਆਚਰਨ ਅਤੇ ਸੁਭਾਉ ਦੀ ਤਸਵਰਿ ਹੁੰਦੀਆਂ ਹਨ। ਕਿਸੇ ਮਨੁੱਖ ਦੀਆਂ ਆਦਤਾਂ ਤੋਂ ਜਾਣੂ ਹੋ ਜਾਈਏ ਤਾਂ ਉਸ ਦੇ ਆਚਰਨ ਬਾਰੇ ਭਲੀ-ਭਾਂਤ ਅਨੁਮਾਨ ਲਾਇਆ ਜਾ ਸਕਦਾ ਹੈ। ਜਿਸ ਮਨੁੱਖ ਦੀਆਂ ਆਦਤਾਂ ਚੰਗੀਆਂ ਹੁੰਦੀਆਂ ਹਨ, ਉਸ ਤੋਂ ਹਮੇਸ਼ਾਂ ਚੰਗੇ ਵਰਤਾਓ ਦੀ ਉਮੀਦ ਕੀਤੀ ਜਾਂਦੀ ਹੈ। ਬੁਰੀਆਂ ਆਦਤਾਂ ਵਾਲੇ ਮਨੁੱਖਾਂ ਤੋਂ ਪਹਿਲਾਂ ਹੀ ਮਾੜੇ ਕੰਮਾਂ ਦੀ ਸੰਤਾਵਨਾ ਹੁੰਦੀ ਹੈ। ਇਸ ਤਰ੍ਹਾਂ ਇਹ ਕਹਿਣਾ ਅਤਿਕਥਨੀ ਨਹੀਂ ਹੈ ਕਿ ਮਨੁੱਖ ਦਾ ਬਹੁਤਾ ਜੀਵਨ ਉਸ ਦੀਆਂ ਆਦਤਾਂ ਦੀ ਧੁਰੀ ਦੁਆਲੇ ਹੀ ਘੁੰਮਦਾ ਹੈ।

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

**4.** ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

**5.** ਆਦਤਾਂ ਕਿਸ ਦੀ ਤਸਵੀਰ ਹੁੰਦੀਆਂ ਹਨ ?

**6.** ਮਨੁੱਖ ਦੇ ਆਚਰਨ ਦਾ ਅਨੁਮਾਨ ਕਿੱਥੋਂ ਲਾਇਆ ਜਾ ਸਕਦਾ ਹੈ ?

**7.** ਬੁਰੀਆਂ ਆਦਤਾਂ ਵਾਲੇ ਮਨੁੱਖ ਤੋਂ ਕੀ ਸੰਭਾਵਨਾ ਹੁੰਦੀ ਹੈ ?

**8 .** ਔਖੇ ਸ਼ਬਦਾਂ ਦੇ ਅਰਥ ਲਿਖੋ :

ਤਸਵੀਰ, ਆਚਰਨ, ਅਨੁਮਾਨ, ਉਮੀਦ

**9.** ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਬੇਹਾ, ਨਰਕ, ਅਮਲੀ, ਸੁਧਰਨਾ

**10.** 'ਅਨੋਖਾ' ਅਤੇ 'ਸੁੰਦਰ' ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ।

**11.** ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਹਰ ਇੱਕ ਦੇ ਦੋ-ਦੋ ਵੱਖੇਰ ਅਰਥ ਸਪੱਸ਼ਟ ਹੋ ਜਾਣਾ। (ਬਹੁ-ਅਰਥਕ ਸ਼ਬਦ)

ਵੱਟ, ਬੋਲੀ

**12.** 'ਪੋਠੋਹਾਰੀ' ਉਪ ਭਾਸ਼ਾ ਬੋਲਣ ਵਾਲੇ ਤਿੰਨ ਜਿਲ੍ਹਿਆਂ ਦੇ ਨਾਂ ਲਿਖੋ।

**13.** 'ਮੂਰਖ ਨੋ ਅਸਵਾਰੀ' ਸਲੋਕ ਰਾਹੀਂ ਕੀ ਸਿੱਖਿਆ ਮਿਲਦੀ ਹੈ ?

**14.** 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ-ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ਅਤੇ ਉਹਨਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਗਏ ਹਨ ?

**15.** ਕਰਤਾਰਾ ਤਲਵਾਰ ਲੈ ਕੇ ਕੀ ਕਰਨ ਚੱਲਿਆ ਸੀ ਅਤੇ ਕਿਉਂ ?

## ਖੰਡ – ੲ

**(16-19) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4 × 3 = 12]**

**16.** ਫ਼ਰੀਦ ਜੀ ਦੇ ਸ਼ਲੋਕ ਪੜ੍ਹ ਕੇ ਕਿਹੜੇ-ਕਿਹੜੇ ਸਦਾਚਾਰਕ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ ?

ਜਾਂ

ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ਅਤੇ ਉਸਨੂੰ ਕੀ ਕਰਨ ਲਈ ਕਹਿੰਦੀ ਹੈ ?

**17.** 'ਭਾਈ ਮਰਦਾਨਾ ਜੀ' ਨਿਬੰਧ ਦਾ ਸਾਰ ਲਿਖੋ ।

ਜਾਂ

ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ ?

**18.** ਮਹਾਰਾਜਾ ਗੰਗਾ ਸਿੰਘ ਰਾਜਗੱਦੀ ਉੱਪਰ ਕਦੋਂ ਬੈਠਾ ਅਤੇ ਉਸਦੇ ਰਾਜ ਸਮੇਂ ਆਵਾਜਾਈ ਦੇ ਸਾਧਨਾਂ ਦੀ ਕੀ ਸਥਿਤੀ ਸੀ ?

ਜਾਂ

ਮਿਲਖਾ ਸਿੰਘ ਦਾ ਪਰਿਵਾਰਿਕ ਪਿਛੋਕੜ ਕੀ ਸੀ ਅਤੇ ਸੰਨ 1947 ਦੀ ਵੰਡ ਸਮੇਂ ਉਸਦੇ ਪਰਿਵਾਰ 'ਤੇ ਕੀ ਬੀਤਦੀ ਹੈ ?

**19.** 'ਖ਼ੂਨ' ਕਹਾਣੀ ਦਾ ਸੰਖੇਪ ਸਾਰ ਲਿਖੋ ।

ਜਾਂ

'ਮੇਜਰ ਸਾਹਿਬ' ਦੀ ਪਾਤਰ ਉਸਾਰੀ ਕਰੋ ।

## ਖੰਡ – ਸ

**(20-22) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4 + 4 + 6 = 14]**

**20.** ਨਾ ਤਿਸ ਭਾਰੇ ਪਰਬਤਾਂ ਅਸਮਾਨ ਖਹੰਦੇ ।
ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ ।
ਨਾ ਤਿਸ ਭਾਰੇ ਸਾਇਰਾਂ ਨਦ ਵਾਹ ਵਹੰਦੇ ।
ਨਾ ਤਿਸ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ ।
ਨਾ ਤਿਸ ਭਾਰੇ ਜੀਅਜੰਤ ਅਣਗਣਤ ਫਿਰੰਦੇ ।।
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) 'ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਸੰਦੇ' ਕਾਵਿ ਸਤਰ ਦਾ ਭਾਵ ਲਿਖੋ ।

iv) ਔਖੇ ਸ਼ਬਦਾਂ ਦੇ ਅਰਥ ਲਿਖੋ :
ਸਾਇਰਾਂ, ਤਰਵਰ, ਭੁਈਂ, ਅਕਿਰਤਘਣ

ਜਾਂ

ਮਾਂ ਵਰਗਾ ਘਣ-ਛਾਂਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ ।
ਬਾਕੀ ਕੁੱਲ ਦੁਨੀਆਂ ਦੇ ਬੂਟੇ,
ਜਾੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁਕ ਜਾਏ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) ਫੁੱਲਾਂ ਦੇ ਮੁਰਝਾਇਆਂ ਮਾਂ ਰੂਪੀ ਬੂਟਾ ਕਿਉਂ ਸੁਕਦਾ ਹੈ ?

iv) ਔਖੇ ਸ਼ਬਦਾਂ ਦੇ ਅਰਥ ਦੱਸੋ :
ਘਣ-ਛਾਂਵਾਂ, ਮੁਰਝਾਂਦੇ, ਸੁਰਗ, ਦੁਨੀਆਂ ।

**21.** ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਸਕੂਲ ਦੀ ਲਾਇਬਰੇਰੀ ਵਿੱਚ ਪੰਜਾਬੀ ਦੇ ਸਿਲੇਬਸ ਨਾਲ ਸੰਬੰਧਿਤ ਸਹਾਇਕ ਪੁਸਤਕਾਂ ਉਪਲਭਧ ਕਰਵਾਉਣ ਬਾਬਤ ਬਿਨੈ-ਪੱਤਰ ਲਿਖੋ ।

ਜਾਂ

ਆਪਣੇ ਪਿਤਾ ਜੀ ਨੂੰ ਪੱਤਰ ਰਾਹੀਂ ਆਪਣੇ ਸਕੂਲ ਵਿੱਚ ਮਨਾਏ ਗਏ ਸਲਾਨਾ ਉਤਸਵ ਦਾ ਹਾਲ ਲਿਖੋ :

**22.** ਕਿਸੇ ਇੱਕ ਵਿਸ਼ੇ ਉਪੱਰ ਲੇਖ ਲਿਖੋ :

ਕਿਸੇ ਇਤਿਹਾਸਕ ਸਥਾਨ ਦੀ ਯਾਤਰਾ

ਜਾਂ

ਦਿਵਾਲੀ ਅੰਮ੍ਰਿਤਸਰ ਦੀ

ਜਾਂ

ਪੰਜਾਬ ਦੀਆਂ ਪੇਂਡੂ ਖੇਡਾਂ

DO NOT WRITE ANYTHING HERE